# ਇਕਾਂਗੀ ⇒ "ਦੂਜਾ ਵਿਆਹ"

Date / /
Page No. 1

(ਸੰਤ ਸਿੰਘ ਸੇਖੋਂ)

## ਨਿਹਾਲ ਕੌਰ ਦਾ ਚਰਿੱਤਰ ਚਿਤਰਨ :⇒

**ਜਾਣ-ਪਛਾਣ :⇒** ਨਿਹਾਲ ਕੌਰ "ਦੂਜਾ ਵਿਆਹ" ਇਕਾਂਗੀ ਦੀ ਮੁੱਖ ਤੇ ਦਿਲਚਸਪ ਪਾਤਰ ਹੈ। ਇਸ ਇਕਾਂਗੀ ਨੂੰ ਸੰਤ ਸਿੰਘ ਸੇਖੋਂ ਲੇਖਕ ਨੇ ਲਿਖਿਆ ਹੈ। ਨਿਹਾਲ ਕੌਰ ਮਨਜੀਤ ਦੀ ਸੱਸ ਹੈ। ਉਸ ਦੇ ਪਤੀ ਦਾ ਨਾਂ ਗੁਰਦਿੱਤ ਹੈ, ਸੁਖਦੇਵ ਸਿੰਘ ਪੁੱਤਰ ਅਤੇ ਸੁਖਦੇਵ ਕੌਰ ਉਸ ਦੀ ਧੀ ਹੈ। ਇਕਾਂਗੀ ਵਿੱਚ ਉਸਦਾ ਰੋਲ ਖਲਨਾਇਕ ਵਰਗਾ ਹੈ। ਨਾਟਕਕਾਰ ਨੇ ਉਸਦੇ ਚਰਿੱਤਰ ਨੂੰ ਵਿਅੰਗਮਈ ਰੂਪ ਵਿੱਚ ਬਿਆਨ ਕੀਤਾ ਹੈ। ਸੰਤ ਸਿੰਘ ਸੇਖੋਂ ਕਿਸਾਨ ਘਰਾਣੇ ਵਿੱਚ ਜੰਮਿਆ-ਪਲਿਆ ਹੋਣ ਕਾਰਣ ਉਸਨੂੰ ਕਿਸਾਨੀ ਜੀਵਨ ਦਾ ਡੂੰਘਾ ਅਨੁਭਵ ਹੈ। ਇਸ ਇਕਾਂਗੀ ਵਿੱਚ ਵੀ ਨਿਹਾਲ ਕੌਰ ਦੇ ਰਾਹੀਂ ਉਸਨੇ ਪੇਂਡੂ ਪਰਿਵਾਰ ਦੀ ਸਥਿਤੀ ਨੂੰ ਸਿਰਜਿਆ ਹੈ।

**ਦੂਜੇ ਵਿਆਹ ਦੇ ਡਰਾਵੇ ਦੇਣ ਵਾਲੀ :⇒** ਨਿਹਾਲ ਕੌਰ ਆਪਣੀ ਨੂੰਹ ਨੂੰ ਗੱਲ-ਗੱਲ ਤੇ ਡਰਾਵਾ ਦਿੰਦੀ ਹੈ, ਕਿ ਜੇਕਰ ਉਹ ਉਸਦੇ ਕਹੇ ਅਨੁਸਾਰ ਨਾ ਚਲੀ ਤਾਂ, ਉਹ ਆਪਣੇ ਪੁੱਤਰ ਦਾ ਦੂਜਾ ਵਿਆਹ ਕਰਵਾ ਕੇ ਹੀ ਹਟੇਗੀ।

**ਆਪਣੇ ਮਨ ਦੀ ਕਰਨ ਵਾਲੀ :⇒** ਨਿਹਾਲ ਕੌਰ ਚਾਹੁੰਦੀ ਹੈ- ਘਰ ਵਿੱਚ ਸਿਰਫ਼ ਉਸਦੀ ਮਰਜ਼ੀ ਹੀ ਚਲੇ, ਆਪਣੀ ਨੂੰਹ ਅਤੇ ਪੁੱਤਰ ਨੂੰ ਵੀ ਆਪਣੇ ਹੁਕਮਾਂ ਤੇ ਚਲਣ ਲਈ ਹੀ ਕਹਿੰਦੀ ਹੈ, ਉਹ ਕਹਿੰਦੀ ਹੈ ਕਿ ਉਸਨੇ (ਸੁਖਦੇਵ ਸਿੰਘ) ਨੇ ਮਨਜੀਤ (ਨੂੰਹ) ਨੂੰ ਸਿਰ ਤੇ ਚੜ੍ਹਾ ਕੇ ਰੱਖਿਆ ਹੈ, ਤਾਂ ਹੀ ਤਾਂ ਉਹ ਉਸਦੀ ਗੱਲ ਨੂੰ ਪੱਲੇ ਨਹੀਂ ਪੈਣ ਦਿੰਦੀ, ਗੱਲ ਨੂੰ ਸਿੱਧੀ ਉਸਦੇ ਮੂੰਹ ਤੇ ਮਾਰਦੀ ਹੈ।

## ਨਿਗਾਹ ਕੌਰ ਦਾ ਇਸਤਰੀ ਸਭਾ ਦਾ ਵਿਰੋਧ ਕਰਨਾ :=

ਨਿਗਾਹ ਕੌਰ ਦੀ ਆਖਦਾ ਹੈ, ਕਿ ਉਸਦੀ ਨੂੰਹ ਇਸਤਰੀ ਸਭਾ ਵਿੱਚ ਜਾ ਕੇ ਉਸਦੇ ਵਿਰੁੱਧ ਹੀ ਕੰਮ ਕਰਨਾ ਦੇਵੇਗੀ। ਉਹ ਅਨੂੰ ਇਸਤਰੀ ਸਭਾ ਦੇ ਮੈਂਬਰ ਬਣਨ ਤੋਂ ਰੋਕਦੀ ਹੈ। ਕਿ ਕਹਿੰਦੀ ਹੈ ਕਿ "ਇਹ ਸਭ ਪਖੰਡ ਤਾਂ ਵਿਹਲੇ ਘਰਾਣਿਆਂ ਦੇ ਤੋਰੇ ਨੇ, ਬਸ ਵਕਤ ਬਰਬਾਦ ਕਰਨ ਲਈ।"

**ਮਨ ਵਿੱਚ ਈਰਖਾ ਰੱਖਣ ਵਾਲੀ :=** ਨਿਗਾਹ ਆਪਣੇ ਉੱਤੇ ਹੋਏ, ਜ਼ੁਲਮ ਦਾ ਬਦਲਾ ਆਪਣੀ ਨੂੰਹ ਮਨਜੀਤ ਕੋਲੋਂ ਲੈਣ ਲਗਦੀ ਹੈ। ਉਹ ਆਪਣੀ ਨੂੰਹ ਪ੍ਰਤੀ ਮਨ ਚ ਈਰਖਾ ਦੀ ਭਾਵਨਾ ਰੱਖਦੀ ਹੈ। ਤੇ ਸੋਚਦੀ ਹੈ ਕਿ ਉਹ ਆਪਣੇ ਪੁੱਤਰ ਦਾ ਦੂਜਾ ਵਿਆਹ ਕਰਵਾ ਦੇਵੇਗੀ। ਜੇ ਉਹਨਾਂ ਦੇ ਘਰ ਬੱਚਾ ਨਾ ਹੋਇਆ।

**ਬੋਲ-ਕੁਬੋਲ ਬੋਲਣ ਵਾਲੀ :=** ਨਿਗਾਹ ਕੌਰ ਆਪਣੀ ਗੁਆਂਢਣ ਨੂੰ 'ਛੁਟੜ ਤੇ ਖੁਣਸੀ' ਆਦਿ ਸ਼ਬਦ ਬੋਲਦੀ ਤੇ ਕਹਿੰਦੀ ਹੈ, ਕਿ ਸਾਰਾ ਉਸਦਾ ਪੜ੍ਹਾਇਆ ਹੋਇਆ ਹੈ, ਤੂੰ (ਮਨਜੀਤ) ਜੋ ਮੇਰੇ ਅੱਗੋਂ ਜ਼ੁਬਾਨ ਦਾ ਤਾਲਾ ਖੋਲਦੀ ਹੈ। ਪਤਾ ਲੱਗੀ ਤੈਨੂੰ ਮੇਰੇ ਵਿਰੁੱਧ ਸਿਖਾਉਂਦੀ ਰਹੀ ਹੈ। ਨਿਗਾਹ ਕੌਰ ਇਸਤਰੀ ਸਭਾ ਦੇ ਸਕੱਤਰ ਦੇ ਮੈਂਬਰਾਂ ਨੂੰ ਵੀ ਬੋਲ-ਕੁਬੋਲ ਬੋਲਦੀ ਹੈ।

**ਨੂੰਹ ਤੇ ਸ਼ੱਕ ਕਰਨ ਵਾਲੀ :=** ਨਿਗਾਹ ਕੌਰ ਮਨਜੀਤ ਨੂੰ ਕਹਿੰਦੀ ਹੈ, ਕਿ

ਨੂੰ ਤਾਂ ਬੱਠ ਪੁਦੀਨਾ ਤੋੜਨ ਗਈ, ਸੀ ਫਿਰ ਭਲਾ ਏਨਾ ਵਕਤ ਕਿਥੇ ਗੁਜ਼ਾਰ ਆਈ, ਤੁਸੀਂ ਦੋਵੇਂ (ਪਤੀ-ਪਤਨੀ) ਮੇਰੀਆਂ ਚੁਗਲੀਆਂ ਕਰਨ ਲਗ ਪਏ ਹੋਏ ਆ, ਤਾਹੀਂ ਤਾਂ ਇੰਝ ਲੱਗ ਰਿਹਾ ਤੈਨੂੰ।

**ਮਮਤਾ ਨਾਲ ਭਰਪੂਰ :->** ਨਿਗਾਹੋ ਕੌਰ ਦਾ ਆਪਣੇ ਪੁੱਤਰ-ਧੀ ਨਾਲ ਬਹੁਤ ਪਿਆਰ ਹੈ। ਉਹ ਚਾਹੁੰਦੀ ਹੈ, ਕਿ ਜਦ ਉਸ ਦੇ ਪੁੱਤਰ ਸੁਖਦੇਵ ਘਰ ਕੋਈ ਬੱਚਾ ਆ ਜਾਵੇ, ਤਾਂ ਜੋ ਉਹ ਵੀ ਮਰਨ ਤੋਂ ਪਹਿਲਾ ਆਪਣਾ ਪੋਤਾ-ਪੋਤੀ ਖਿਡਾ ਜਾਵੇ। ਫਿਰ ਜਦੋਂ ਉਸ ਦੀ ਧੀ ਸੁਖਦੇਵ ਕੌਰ ਦੀ ਚਿੱਠੀ ਸੁਣਦੀ ਹੈ ਤਾਂ ਬਹੁਤ ਉਦਾਸ ਹੋ ਜਾਂਦੀ ਹੈ, ਤਾਂ ਬੀਬੀ (ਧੀ) ਦੇ ਫਿਕਰ ਕਰਨ ਲੱਗ ਪੈਂਦੀ ਹੈ। ਉਸ ਦੀ ਸੁਖ-ਸਾਂਦ ਦੀ ਰੱਬ ਅੱਗੇ ਅਰਦਾਸ ਕਰਦੀ ਹੈ।

**ਮੇਰੇ ਅਨੁਸਾਰ ਬਦਲਣ ਵਾਲੀ :->** ਨਿਗਾਹੋ ਕੌਰ ਨੂੰ ਜਦੋਂ ਪਤਾ ਚਲਦਾ ਹੈ, ਕਿ ਜੋ ਉਹ ਆਪਣੀ ਨੂੰਹ ਨਾਲ ਕਰਨਾ ਚਾਹੁੰਦੀ ਸੀ, ਉਹ ਉਸਦੀ ਧੀ ਅੱਗੇ ਆ ਰਹੀ ਹੈ, ਹੁਣ ਉਸਨੂੰ ਸਮਝ ਆਉਂਦੀ ਹੈ, ਕਿ ਕਿਸੇ ਨਾਲ ਗਲਤ ਕਰਨਾ ਕੈਸਾ ਪਤਾ ਉਦੋਂ ਲਗਦਾ ਹੈ, ਜਦੋਂ ਆਪਣੇ ਤੇ ਪੈਂਦੀ ਹੈ। ਫਿਰ ਨਿਗਾਹੋ ਕੌਰ ਆਪਣੀ ਨੂੰਹ ਅਤੇ ਪੁੱਤ ਕੋਲੋਂ ਮੁਆਫ਼ੀ ਮੰਗਦੀ ਤੇ ਆਪਣੇ ਤੋਂ ਹੋਈਆਂ ਗਲਤੀਆਂ ਨੂੰ ਆਪਣੇ ਮੂੰਹੋਂ ਕਬੂਲਦੀ ਹੈ।